ਨਰੇਗਾ ਤਹਿਤ ਜ਼ਿਲ੍ਹੇ 'ਚ ਚੱਲ ਰਹੇ ਵਿਕਾਸ ਕਾਰਜਾਂ ਦਾ ਡੀ.ਸੀ. ਨੇ ਲਿਆ ਜਾਇਜ਼ਾ

ਲੁਧਿਆਣਾ, 16 ਜੁਲਾਈ (ਰਾਜ ਜੋਸ਼ੀ)-ਸ੍ਰੀ ਰਾਹੁਲ ਤਿਵਾੜੀ ਡਿਪਟੀ ਕਮਿਸ਼ਨਰ ਲੁਧਿਆਣਾ ਨੇ ਜਿਲੇ ਦੇ ਸਮੂਹ ਬਲਾਕ ਤੇ ਪੰਚਾਇਤ ਅਫਸਰਾਂ ਨੂੰ ਕਿਹਾ ਕਿ ਉਹ 1 ਅਪ੍ਰੈਲ ਤੋ 30 ਜੂਨ 2010 ਤੱਕ ਨਰੇਗਾ ਤਹਿਤ ਪ੍ਰਾਪਤ ਹੋਏ ਅਤੇ ਜਿਲੇ ਵਿੱਚ 3.18 ਕਰੋੜ ਰੁਪਏ ਦੇ ਖਰਚ ਕੀਤੇ ਫੰਡਾਂ ਨੂੰ ਆਪਣੀ-ਆਪਣੀ ਵੇਬ-ਸਾਈਟ ਤੇ ਅਪ-ਲੋਡ ਕਰਨ ਅਤੇ ਲੇਬਰ ਤੇ ਮਟੀਰੀਅਲ ਕੰਪੋਨੈਟ ਉਪਰ ਕ੍ਰਮਵਾਰ 60:40 ਦੀ ਅਨੁਪਾਤ ਅਨੁਸਾਰ ਖਰਚੇ ਨੂੰ ਯਕੀਨੀ ਬਣਾਉਣ। ਸ੍ਰੀ ਤਿਵਾੜੀ ਅੱਜ ਬੱਚਤ ਭਵਨ ਵਿਖੇ ਨਰੇਗਾ ਤਹਿਤ ਜਿਲੇ ਵਿੱਚ ਚੱਲ ਰਹੇ ਵਿਕਾਸ ਕਾਰਜਾਂ, ਲਿੰਕ ਸੜਕਾਂ ਦੇ ਪੁਰ ਕੀਤੇ ਬਰਮਾਂ ਅਤੇ ਪੌਦੇ ਲਗਾਉਣ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਸਬੰਧੀ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਦੀ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਸ੍ਰੀ ਤਿਵਾੜੀ ਨੇ ਸਮੂਹ ਬਲਾਕ ਤੇ ਪੰਚਾਇਤ ਅਫਸਰਾਂ ਨੂੰ ਕਿਹਾ ਕਿ ਹਰ ਪਿੰਡ ਵਿੱਚ ਨਰੇਗਾ ਅਧੀਨ ਕੰਮ ਨੂੰ ਯਕੀਨੀ ਬਣਾਇਆ ਜਾਵੇ ਉਹਨਾਂ ਕਿਹਾ ਕਿ ਨਰੇਗਾ ਅਧੀਨ ਫੰਡਾਂ ਦੀ ਕੋਈ ਕਮੀ ਨਹੀ ਹੈ ਅਤੇ ਸਬੰਧਤ ਬੀ.ਡੀ.ਪੀ.ਓ ਵੱਲੋ ਆਪਣੀ ਬਲਾਕ ਵਿੱਚ ਹੋਏ ਵਿਕਾਸ ਕਾਰਜਾਂ ਦਾ ਪਿਛਲਾ ਖਰਚਾ ਅਪ-ਲੋਡ ਕਰਨ ਉਪਰੰਤ ਉਹਨਾਂ ਦੀ ਮੰਗ ਅਨੁਸਾਰ ਫੰਡ ਮੁਹੱਈਆ ਕਰਵਾ ਦਿੱਤੇ ਜਾਂਦੇ ਹਨ ਉਹਨਾਂ ਬਲਾਕ ਵਿਕਾਸ ਤੇ ਪੰਚਾਇਤ ਅਫਸਰਾਂ ਨੂੰ ਲੇਬਰ ਤੇ ਮਟੀਰੀਅਲ ਕੰਪੋਨੈਟ ਉਪਰ ਵੱਖਰੇ-ਵੱਖਰੇ ਤੌਰ ਤੇ ਕੀਤੇ ਗਏ ਖਰਚੇ ਸਬੰਧੀ ਤੁਰੰਤ ਰਿਪੋਰਟ ਭੇਜਣ ਲਈ ਵੀ ਕਿਹਾ ਕਈ ਬਲਾਕ ਤੇ ਪੰਚਾਇਤ ਅਫਸਰਾਂ ਵੱਲੋ ਅਮਲੇ ਦੀ ਘਾਟ ਸਬੰਧੀ ਕੀਤੀ ਮੰਗ ਤੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਾਰੀਆਂ ਬਲਾਕਾਂ ਨੂੰ 1-1 ਡਾਟਾ ਐਟਰੀ ਉਪਰੇਟਰ ਜਲਦੀ ਭਰਤੀ ਕਰਕੇ ਦੇ ਦਿੱਤਾ ਜਾਵੇਗਾ ਉਹਨਾਂ ਕਿਹਾ ਕਿ ਉਹ 16 ਮੈਨਡੇਟਰੀ ਰਜਿਸਟਰ ਮੇਨਟੇਨ ਕਰਨ ਅਤੇ ਆਪਣੀਆਂ ਬਲਾਕਾਂ ਵਿੱਚ ਹਰ ਵਿਕਾਸ ਕੰਮ ਦੇ ਸ਼ੁਰੂ ਹੋਣ ਸਮੇ, ਚਲਦੇ ਸਮੇ ਅਤੇ ਖਤਮ ਹੋਣ ਤੇ ਫੋਟੋਗ੍ਰਾਫੀ ਨੂੰ

ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਰਾਹੁਲ ਤਿਵਾੜੀ ਡਿਪਟੀ ਕਮਿਸ਼ਨਰ ਲੁਧਿਆਣਾ।

ਯਕੀਨੀ ਬਣਾਇਆ ਜਾਵੇ ਉਹਨਾਂ ਕਿਹਾ ਕਿ ਕੀਤੇ ਗਏ ਕੰਮਾਂ ਸਬੰਧੀ ਸਾਲ ਵਿੱਚ 2 ਵਾਰ ਸੋਸ਼ਲ ਆਡਿਟ ਨੂੰ ਵੀ ਯਕੀਨੀ ਬਣਾਇਆ ਜਾਵੇ ਅਤੇ ਇਸ ਵਿੱਤੀ ਸਾਲ ਦੇ ਪਹਿਲੇ 6 ਮਹੀਨਿਆਂ ਦਾ ਸੋਸ਼ਲ ਆਡਿਟ 30 ਸਤੰਬਰ ਤੱਕ ਹਰ ਹਾਲਤ ਵਿੱਚ ਕਰਵਾਇਆ ਜਾਵੇ। ਬਾਅਦ ਵਿੱਚ ਜਿਲੇ ਦੀਆਂ ਲਿੰਕ ਸੜਕਾਂ ਪੁਰ ਕਰਨ ਸਬੰਧੀ ਆਯੋਜਿਤ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸ੍ਰੀ ਤਿਵਾੜੀ ਨੇ ਕਿਹਾ ਕਿ ਜਿਲਾ ਪ੍ਰਸ਼ਾਸ਼ਨ ਵੱਲੋ ਬੜੀ ਮਿਹਨਤ ਨਾਲ ਲੋਕਾਂ ਦੀ ਭਲਾਈ ਲਈ ਸੜਕਾਂ ਤੇ ਬਰਮ ਪੁਰ ਕੀਤੇ ਗਏ ਹਨ, ਇਸ ਲਈ ਉਹਨਾਂ ਲੋਕ ਨਿਰਮਾਣ ਵਿਭਾਗ, ਮੰਡੀਕਰਨ ਬੋਰਡ ਦੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਇਹਨਾਂ ਸੜਕਾਂ ਤੇ ਦੋਬਾਰਾ ਨਜ਼ਾਇਜ਼ ਕਬਜੇ ਨਾ ਹੋਣ ਨੂੰ ਯਕੀਨੀ ਬਣਾਉਣ ਅਤੇ ਉਹਨਾਂ ਨੂੰ ਇਸ ਸਬੰਧੀ ਲੋੜੀਦਾ ਸਰਟੀਫੀਕੇਟ ਪੇਸ਼ ਕਰਨ ਅਤੇ ਇਹਨਾਂ ਲਿੰਕ ਸੜਕਾਂ ਦੀ ਕੰਮਪੈਕਸ਼ਨ (ਮਿੱਟੀ ਨੂੰ ਪੱਧਰਾ ਕਰਨਾ) ਲਈ ਵੀ ਕਿਹਾ ਉਹਨਾਂ ਬਲਾਕ ਅਧਿਕਾਰੀਆਂ ਨੂੰ ਵੀ ਕਿਹਾ ਕਿ ਉਹ ਪੁਰ ਕੀਤੇ ਗਏ ਬਰਮਾਂ ਦੀ ਨਿਗਰਾਨੀ ਰੱਖਣ ਉਹਨਾਂ ਕਿਹਾ ਕਿ ਸਾਰੇ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਆਪਣੀਆਂ ਬਲਾਕਾਂ ਵਿੱਚ ਵੱਧ ਤੋ ਵੱਧ ਬੂਟੇ ਲਗਾਉਣ ਅਤੇ ਲੱਗਭੱਗ ਇਕ ਮਹੀਨੇ ਬਾਅਦ ਹੋਣ ਵਾਲੀ ਅਗਲੀ ਮੀਟਿੰਗ ਵਿੱਚ ਆਪਣੀ ਬਲਾਕ ਵਿੱਚ ਬੂਟੇ ਲਗਾਉਣ ਸਬੰਧੀ ਮਿੱਥੇ ਟੀਚੇ ਤੇ ਹੋਈ ਪ੍ਰਗਤੀ ਦੀ ਰਿਪੋਰਟ ਪੇਸ਼ ਕਰਨ ਲਈ ਕਿਹਾ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸ੍ਰੀ ਦਵਿੰਦਰ ਸਿੰਘ ਏ.ਡੀ.ਸੀ (ਵਿਕਾਸ), ਸ੍ਰੀ ਅਭਿਨਵ ਤ੍ਰਿਖਾ ਐਸ.ਡੀ.ਐਮ.ਖੰਨਾ, ਸ੍ਰੀ ਪ੍ਰੇਮ ਚੰਦ ਐਸ.ਡੀ.ਐਮ (ਪੱਛਮੀ),ਸ੍ਰੀ ਮਨਪ੍ਰੀਤ ਸਿੰਘ ਛੱਤਵਾਲ ਐਸ.ਡੀ.ਐਮ (ਪੂਰਬੀ), ਸ੍ਰੀ ਮੁਕੰਦ ਸਿੰਘ ਸੰਧੂ ਐਸ.ਡੀ.ਐਮ ਜਗਰਾਉ, ਸ੍ਰੀ ਸੁਖਦੇਵ ਸਿੰਘ ਮਾਹਲ ਐਸ.ਡੀ.ਐਮ ਸਮਰਾਲਾ, ਸ੍ਰੀਮਤੀ ਨੀਰੂ ਕਤਿਆਲ ਐਸ.ਡੀ.ਐਮ ਪਾਇਲ, ਸ੍ਰੀ ਅਮਰਦੀਪ ਸਿੰਘ ਗੁਜਰਾਲ ਸੈਕਟਰੀ ਜਿਲਾ ਪ੍ਰੀਸ਼ਦ, ਸ੍ਰੀ ਕੁਲਵੰਤ ਸਿੰਘ ਕਾਰਜਕਾਰੀ ਇੰਜਨੀਅਰ ਲੋਕ ਨਿਰਮਾਣ ਵਿਭਾਗ (ਡਵੀਜਨ ਨੰ:2), ਸ੍ਰੀ ਚਰਨਜੀਤ ਸਿੰਘ ਕਾਰਜਕਾਰੀ ਇੰਜਨੀਅਰ ਲੋਕ ਨਿਰਮਾਣ ਵਿਭਾਗ (ਡਵੀਜਨ ਨੰ:1), ਸ੍ਰੀ ਜਸਪਾਲ ਸਿੰਘ ਬੁੱਟਰ ਐਸ.ਡੀ.ਓ ਮੰਡੀਕਰਨ ਬੋਰਡ ਅਤੇ ਜਿਲੇ ਦੇ ਸਮੂਹ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਹਾਜ਼ਰ ਸਨ।

ਫਰੀਦਕੋਟ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਡਾ: ਵਿਜੈ ਐੱਸ ਜ਼ਾਦੇ ਆਜ਼ਾਦੀ ਦਿਵਸ ਦੇ ਅਗੇਤੇ ਪ੍ਰਬੰਧਾਂ ਲਈ ਜ਼ਿਲ੍ਹਾ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕਰਦੇ ਹੋਏ। ਤਸਵੀਰ: ਸਰਬਜੀਤ ਟੀਟੂ

ਆਜ਼ਾਦੀ ਦਿਹਾੜਾ ਸਾਡੇ ਭਾਰਤ ਵਾਸੀਆਂ ਲਈ ਬਹੁਤ ਹੀ ਮਹੱਤਵ ਰੱਖਦੈ: ਜ਼ਾਦੇ

ਫਰੀਦਕੋਟ, 16 ਜੁਲਾਈ (ਸਰਬਜੀਤ ਟੀਟੂ)-ਆਜ਼ਾਦੀ ਦਿਹਾੜਾ ਸਾਡੇ ਭਾਰਤ ਵਾਸੀਆਂ ਲਈ ਬਹੁਤ ਹੀ ਮਹੱਤਵ ਰੱਖਦਾ ਹੈ ਇਸ ਲਈ ਇਸ ਦਿਹਾੜੇ ਨੂੰ ਸਫਲਤਾ ਪੂਰਵਕ ਮਨਾਉਣ ਲਈ ਜਿੰਨ੍ਹਾਂ ਅਧਿਕਾਰੀਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ ਉਹ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਉਣ। ਇਹ ਅਪੀਲ ਅੱਜ ਮਿੰਨੀ ਸਕੱਤਰੇਤ ਦੇ ਅਸ਼ੋਕ ਚੱਕਰਾ ਹਾਲ ਵਿਖੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਡਾ: ਵਿਜੈ ਐਨ.ਜ਼ਾਦੇ ਦੀ ਪ੍ਰਧਾਨਗੀ ਹੇਠ ਆਜ਼ਾਦੀ ਦਿਵਸ ਮਨਾਉਣ ਦੇ ਅਗੇਤੇ ਪ੍ਰਬੰਧਾਂ ਸਬੰਧੀ ਸਾਰੇ ਹੀ ਵਿਭਾਗਾਂ ਦੇ ਮੁਖੀਆਂ ਨਾਲ ਕੀਤੀ ਗਈ ਵਿਸ਼ੇਸ਼ ਮੀਟਿੰਗ ਦੌਰਾਨ ਕੀਤੀ। ਇਸ ਮੌਕੇ 'ਤੇ ਸ਼੍ਰੀ ਮੋਹਨ ਲਾਲ ਐਡੀਸ਼ਨਲ ਡਿਪਟੀ ਕਮਿਸ਼ਨਰ, ਸ਼੍ਰੀ ਭੁਪਿੰਦਰ ਸਿੰਘ ਐੱਸ.ਡੀ.ਐਮ,ਸ੍ ਰਮਨਦੀਪ ਸਿੰਘ ਡੀ.ਐੱਸ.ਪੀ, ਸ੍ ਆਤਮ ਸਿੰਘ ਤਹਿਸੀਲਦਾਰ, ਸ਼੍ਰੀ ਇੰਦਰਜੀਤ ਸਿੰਘ ਖੀਵਾ ਜ਼ਿਲ੍ਹਾ ਖਜਾਨਾਂ ਅਫਸਰ, ਸ਼੍ਰੀ ਗੁਰਦਿਆਲ ਸਿੰਘ ਸਕੱਤਰ ਰੈੱਡ ਕਰਾਸ ਤੋਂ ਇਲਾਵਾ ਹੋਰ ਵੀ ਅਧਿਕਾਰੀ ਹਾਜ਼ਰ ਸਨ। ਸ਼੍ਰੀ ਜ਼ਾਦੇ ਨੇ ਕਿਹਾ ਕਿ ਇਸ ਮੌਕੇ 'ਤੇ ਲੋਕਾਂ ਦੀ ਖਾਸ ਖਿੱਚ ਦਾ ਕੇਂਦਰ ਬਨਣ ਵਾਲੇ ਸੱਭਿਆਚਾਰਕ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲੇ ਸਾਡੇ ਦੇਸ਼ ਦਾ ਭਵਿੱਖ ਬੱਚਿਆਂ ਦਾ ਖਾਸ ਧਿਆਨ ਰੱਖਿਆ ਜਾਵੇ ਅਤੇ ਦਾਹ ਜ਼ਰੀ

15 ਅਗਸਤ ਮਨਾਉਣ ਦੇ ਅਗੇਤੇ ਪ੍ਰਬੰਧਾਂ ਲਈ ਮੀਟਿੰਗ

ਗਰਮੀ ਨੂੰ ਧਿਆਨ ਵਿੱਚ ਰੱਖਦਿਆਂ ਅਗੇਤੀਆਂ ਰੀਹੈਸਿਲਾਂ ਸਮੇਂ ਸਬੰਧਤ ਅਧਿਕਾਰੀ ਨਹਿਰੂ ਸਟੇਡੀਅਮ ਵਿਖੇ ਹਾਜ਼ਰੀ ਸਮੇਂ ਸਿਰ ਯਕੀਨੀ ਬਨਾਉਣ। ਉਹਨਾਂ ਸਿਹਤ ਵਿਭਾਗ ਨੂੰ ਖਾਸ ਤੌਰ 'ਤੇ ਹਦਾਇਤ ਕੀਤੀ ਕਿ ਅਗੇਤੀਆਂ ਰੀਹੈਸਿਲਾਂ ਸਮੇਂ ਮੈਡੀਕਲ ਟੀਮਾਂ, ਪੀਣ ਵਾਲੇ ਪਾਣੀ ਅਤੇ ਬੱਚਿਆਂ ਨੂੰ ਦਿੱਤੀ ਜਾਣ ਵਾਲੀ ਰੀਫਰੈਸ਼ਮੈਂਟ ਦਾ ਖਾਸ ਧਿਆਨ ਰੱਖਿਆ ਜਾਵੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਮੌਕੇ 'ਤੇ ਸੁਰੱਖਿਆ ਫੋਰਸ, ਪੰਜਾਬ ਪੁਲਸ, ਪੰਜਾਬ ਹੋਮ ਗਾਰਡਜ਼ ਅਤੇ ਐੱਨ.ਸੀ.ਸੀ ਤੋਂ ਇਲਾਵਾ ਸੇਟ ਜੌਨ ਐਂਬੂਲੈਂਸ ਆਦਿ ਦੀਆਂ ਟੁਕੜੀਆਂ ਵੱਲੋਂ ਸ਼ਾਨਦਾਰ ਮਾਰਚ ਪਾਸਟ ਕੀਤਾ ਜਾਵੇਗਾ ਅਤੇ ਵੱਖ-ਵੱਖ ਵਿਭਾਗਾਂ ਵੱਲੋਂ ਵਿਕਾਸ ਕਾਰਜਾਂ ਨੂੰ ਦਰਸਾਉਂਦੀਆਂ ਮਿਆਰੀ ਝਾਕੀਆਂ ਵੀ ਕੱਢੀਆਂ ਜਾਣਗੀਆਂ। ਉਹਨਾਂ ਦੱਸਿਆ ਕਿ ਇਸ ਮੌਕੇ 'ਤੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕਰਨ ਵਾਲੇ ਬੱਚਿਆਂ ਨੂੰ ਸਨਮਾਨਿਤ ਵੀ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਜਿੰਨ੍ਹਾਂ ਵੱਖ ਵੱਖ ਸਮਾਜਸੇਵੀ ਸੰਸਥਾਵਾਂ ਨੂੰ ਸ਼ਹਿਰ ਦੇ ਚੌਕਾਂ ਦੀ ਦੇਖ ਰੇਖ ਦੀ ਜੁੰਮੇਵਾਰੀ ਸੌਂਪੀ ਗਈ ਹੈ ਉਹ ਸੰਸਥਾਵਾਂ ਚੌਕਾਂ ਦੀ ਦਿੱਖ ਹੋਰ ਸੁੰਦਰ ਬਨਾਉਣ ਲਈ ਜੁੰਮੇਵਾਰ ਹੋਣਗੀਆਂ। ਉਹਨਾਂ ਦੱਸਿਆ ਕਿ ਇਸ ਅਵਸਰ 'ਤੇ ਲੋੜਵੰਦਾਂ ਨੂੰ ਰੈੱਡ ਕਰਾਸ ਸੁਸਾਇਟੀ ਵੱਲੋਂ ਸਿਲਾਈ ਮਸ਼ੀਨਾਂ ਅਤੇ ਟਰਾਈਸਾਈਕਲ ਵੀ ਤਕਸੀਮ ਕੀਤੇ ਜਾਣਗੇ।

ਸੌ ਏਕੜ ਝੋਨੇ ਦੀ ਫ਼ਸਲ ਪਾਣੀ ਦੀ ਲਪੇਟ 'ਚ

ਮਨਾਲ, 16 ਜੁਲਾਈ (ਸੁਖਵਿੰਦਰ ਸਿੰਘ ਸੋਨੀ ਮਾਂਗੇਵਾਲ)- ਡਰੇਨ ਰਾਹੀਂ ਇਕੱਠਾ ਹੋ ਕੇ ਆਏ ਪਾਣੀ ਨੇ ਬਲਾਕ ਮਹਿਲ ਕਲਾਂ ਦੇ ਪਿੰਡ ਹਰਦਾਸਪੁਰਾ ਵਿਖੇ ਲੱਗਭੱਗ ਸੌ ਏਕੜ ਝੋਨੇ ਦੀ ਫ਼ਸਲ ਨੂੰ ਆਪਣੀ ਲਪੇਟ ਵਿਚ ਲੈ ਲਿਆ ਜਿਸ ਨਾਲ ਦਰਜਨ ਦੇ ਕਰੀਬ ਕਿਸਾਨ ਪਰਿਵਾਰਾਂ ਦਾ ਭਾਰੀ ਆਰਥਿਕ ਨੁਕਸਾਨ ਹੋਣ ਦੀ ਖ਼ਬਰ ਹੈ। ਇਸ ਡਰੇਨ ਵਿਚ ਪੇਪਰ ਮਿੱਲ ਅਹਿਮਦਗੜ੍ਹ ਦਾ ਰਸਾਇਣਾਂ ਵਾਲਾ ਪਾਣੀ ਵੀ ਵੱਡੀ ਮਾਤਰਾ ਵਿਚ ਆਉਂਦਾ ਦੱਸਿਆ ਗਿਆ ਹੈ। ਕੁਝ ਪੀੜਤ ਕਿਸਾਨਾਂ ਨੇ ਦੱਸਿਆ ਕਿ ਇਸ ਮਹਿੰਗਾਈ ਦੇ ਯੁੱਗ ਵਿੱਚ 34 ਹਜ਼ਾਰ ਰੁਪਏ ਪ੍ਰਤੀ ਏਕੜ ਜ਼ਮੀਨ ਠੇਕੇ 'ਤੇ ਲੈ ਕੇ ਉਨ੍ਹਾਂ ਝੋਨਾ ਲਾਇਆ ਸੀ ਜੋ ਬਰਸਾਤੀ ਅਤੇ ਮਿੱਲ ਦੇ ਪਾਣੀ ਨੇ ਬਿਲਕੁਲ ਹੀ ਬਰਬਾਦ ਕਰ ਦਿੱਤਾ ਹੈ। ਉਨ੍ਹਾਂ ਪੰਜਾਬ ਸਰਕਾਰ ਪਾਸੋਂ ਮਾਰੀਆਂ ਗਈਆਂ ਫ਼ਸਲਾਂ ਦੇ ਮੁਆਵਜ਼ੇ ਦੀ ਮੰਗ ਕੀਤੀ ਹੈ।

ਭੁੱਕੀ ਚੂਰਾ ਪੋਸਤ ਫੜਿਆ

ਮਾਨਸਾ, 16 ਜੁਲਾਈ (ਰਾਜੇਸ਼ ਗੁਪਤਾ) - ਐਸ.ਐਸ.ਪੀ. ਮਾਨਸਾ ਹਰਦਿਆਲ ਸਿੰਘ ਮਾਨ ਵੱਲੋਂ ਚਲਾਈ ਨਸ਼ਾ ਵਿਰੋਧੀ ਮੁਹਿਮ ਦੌਰਾਨ ਥਾਣਾ ਕੋਟਧਰਮੂ ਅਧੀਨ ਚੌਕੀ ਰਮਦਿੱਤੇਵਾਲਾ ਦੇ ਇੰਚਾਰਜ ਰਜਿੰਦਰ ਪਾਲ ਸਿੰਘ ਸਬ ਇੰਸਪੈਕਟਰ ਨੇ ਦੱਸਿਆ ਰਾਜੂ ਸਿੰਘ ਪੁੱਤਰ ਦਲਵਾਰਾ ਸਿੰਘ ਸੇਹਸੀ ਪਿੰਡ ਨਰਿੰਦਰਪੁਰਾ ਪਿੰਡ ਮੂਸਾ ਤੋਂ ਦਸ ਕਿਲੋ ਭੁੱਕੀ ਚੂਰਾ ਪੋਸਤ ਹਰਨੇਕ ਸਿੰਘ ਪੁੱਤਰ ਹਰੀ ਸਿੰਘ ਤੋਂ ਨੌਂ ਕਿਲੋ ਛੇ ਸੋ ਗ੍ਰਾਮ ਭੁੱਕੀ ਅਤੇ ਮੌਜੀ ਲਾਲ ਤੋਂ ਪੰਜ ਕਿਲੋ ਭੁੱਕੀ ਫੜਕੇ ਦੋਸ਼ੀਆਂ ਖਿਲਾਫ਼ ਥਾਣਾ ਕੋਟਧਰਮੂ ਵਿਖੇ ਪਰਚਾ ਦਰਜ ਕੀਤਾ ਹੈ।

ਦੁੱਖ ਦਾ ਪ੍ਰਗਟਾਵਾ

ਸ੍ਰੀ ਮੁਕਤਸਰ ਸਾਹਿਬ, 16 ਜੁਲਾਈ (ਬਲਜੀਤ ਸੰਧੂ)- ਪ੍ਰਸਿੱਧ ਕਬੱਡੀ ਖਿਡਾਰੀ ਗੁਰਪਿਆਰ ਸਿੰਘ ਉਰਫ਼ ਗੋਰਾ ਥਾਂਦੇਵਾਲ (35) ਦੀ ਪਿਛਲੇ ਦਿਨੀ ਗੁਰਦਿਆਂ ਦੀ ਬਿਮਾਰੀ ਸਦਕਾ ਮੌਤ ਹੋ ਗਈ। ਉਹ ਪਿਛਲੇ ਕਰੀਬ ਦੋ ਮਹੀਨਿਆਂ ਤੋਂ ਗੁਰਦਿਆਂ ਦੀ ਬਿਮਾਰੀ ਦੇ ਸ਼ਿਕਾਰ ਸਨ। ਉਨ੍ਹਾਂ ਦੀ ਹੋਈ ਬੇਵਕਤੀ ਮੌਤ 'ਤੇ ਸਾਬਕਾ ਵਿਧਾਇਕ ਭਾਈ ਹਰਨਿਰਪਾਲ ਸਿੰਘ ਕੁੱਕੂ ਦਸ਼ਮੇਸ ਸਪੋਰਟਸ ਕਲੱਬ ਥਾਂਦੇਵਾਲਾ ਦੇ ਪ੍ਰਧਾਨ ਗੁਰਮੀਤ ਸਿੰਘ, ਖ਼ਜਾਨਚੀ ਬਲਵਿੰਦਰ ਸਿੰਘ, ਉੱਪ ਖ਼ਜਾਨਚੀ ਬਿੰਦਰ ਸਿੰਘ, ਅੰਤਰਰਾਸ਼ਟਰੀ ਖਿਡਾਰੀ ਪੰਮਾ ਥਾਂਦੇਵਾਲ, ਕਾਲਾ ਥਾਂਦੇਵਾਲ, ਬਲਤੇਜ ਸਿੰਘ, ਮੀਤ ਸਿੰਘ, ਅੰਤਾ ਸਿੰਘ, ਸੇਵਕ ਸਿੰਘ ਦਲਜੀਤ ਸਿੰਘ, ਐਮ.ਪੀ. ਸਿੰਘ ਕੋਟਲੀ ਸੰਘਰ, ਸੀਰਾ ਸਿੰਘ ਅਤੇ ਜੈ ਬਾਬਾ ਸਾਂਈ ਸਪੋਰਟਸ ਅਕੈਡਮੀ ਪਿੰਡ ਝਬੇਲਵਾਲੀ ਦੇ ਪ੍ਰਧਾਨ ਰਾਹੁਲ ਜੋਸ਼ੀ (ਗਾਗੀ), ਸੂਬਾ ਸਿੰਘ ਆਦਿ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪਰਿਵਾਰ ਨਾਲ ਹਮਦਰਦੀ ਜ਼ਾਹਰ ਕੀਤੀ ਹੈ।

ਵਿਕਾਸ ਕਾਰਜਾਂ ਵਿਚ ਤੇਜ਼ੀ ਲਈ ਮੁੱਖ ਮੰਤਰੀ ਨੂੰ ਮਿਲਾਂਗੇ: ਭਾਂਬਰੀ,ਸਲਾਨਾ

ਅਮਲੋਹ, 16 ਜੁਲਾਈ (ਪ.ਪ.)- ਸ਼੍ਰੋਮਣੀ ਅਕਾਲੀ ਦਲ ਦੇ ਵਰਕਿੰਗ ਕਮੇਟੀ ਮੈਂਬਰ ਅਤੇ ਮਾਰਕੀਟ ਕਮੇਟੀ ਅਮਲੋਹ ਦੇ ਚੈਅਰਮੈਨ ਸ. ਰਣਧੀਰ ਸਿੰਘ ਭਾਂਬਰੀ ਅਤੇ ਜ਼ਿਲ੍ਹਾ ਪ੍ਰੀਸ਼ਦ ਦੀ ਚੈਅਰਪਰਸਨ ਰਜਿੰਦਰ ਕੌਰ ਸਲਾਨਾ ਦੀ ਪ੍ਰਧਾਨਗੀ ਹੇਠ ਅੱਜ ਇਥੇ ਮਾਰਕੀਟ ਕਮੇਟੀ ਦੇ ਦਫਤਰ ਵਿਚ ਅਮਲੋਹ ਹਲਕੇ ਵਿਚ ਵਿਕਾਸ ਕਾਰਜਾਂ ਵਿਚ ਤੇਜੀ ਲਿਆਉਣ ਲਈ ਇਕ ਮੀਟਿੰਗ ਕੀਤੀ ਗਈ ਜਿਸ ਵਿਚ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ ਸਿੰਘ ਬਾਦਲ ਨਾਲ ਸੰਪਰਕ ਕਰਕੇ ਹਲਕੇ ਦੇ ਰੁੱਕੇ ਵਿਕਾਸ ਕਾਰਜਾਂ ਵਿਚ ਤੇਜੀ ਲਿਆਉਣ ਦਾ ਫ਼ੈਸਲਾ ਕੀਤਾ ਗਿਆ ਅਤੇ ਇਸ ਸਬੰਧ ਵਿਚ ਜ਼ਿਲ੍ਹਾ ਪ੍ਰੀਸ਼ਦ, ਮਾਰਕੀਟ ਕਮੇਟੀ ਅਤੇ ਬਲਾਕ ਸੰਮਤੀ ਅਮਲੋਹ ਦੇ ਮੈਂਬਰਾਂ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸਰਕਲ ਪ੍ਰਧਾਨਾਂ ਦੀ ਇਕ ਮੀਟਿੰਗ 19 ਜੁਲਾਈ ਨੂੰ ਸਵੇਰੇ 10 ਵਜੇ ਮਾਰਕੀਟ ਕਮੇਟੀ ਅਮਲੋਹ ਦੇ ਦਫਤਰ ਵਿਚ ਰਖੀ ਗਈ। ਅੱਜ ਇਥੇ ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਬਲਾਕ ਸੰਮਤੀ ਅਮਲੋਹ ਦੀ ਚੈਅਰਪਰਸਨ ਮਨਿੰਦਰ ਕੌਰ ਵਿਰਕ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਸੁਰਜੀਤ ਕੌਰ ਨੂਰਪੁਰਾ, ਮਾਰਕੀਟ ਕਮੇਟੀ ਅਮਲੋਹ ਦੇ ਵਾਈਸ ਚੈਅਰਮੈਨ ਹਰਦਿਆਲ ਸਿੰਘ ਨਰਾਇਣਗੜ੍ਹ, ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਸਤਵਿੰਦਰ ਸਿੰਘ ਵਿਰਕ ਬਦੀਨਪੁਰ, ਜਨਰਲ ਸਕੱਤਰ ਸਵਰਨ ਸਿੰਘ ਬਿਲੂ, ਸੀਨੀਅਰ ਨੌਜਵਾਨ ਆਗੂ ਜਤਿਦਰ ਸਿੰਘ ਚੈਰੀ ਭਾਂਬਰੀ, ਮਾਰਕੀਟ ਕਮੇਟੀ ਮੈਂਬਰ ਸੁਰਿੰਦਰ ਸਿੰਘ ਸਲਾਨਾ, ਹਰੀ ਚੰਦ ਮਿਤਲ, ਸੁਰਜੀਤ ਸਿੰਘ ਬਰੌਂਗਾ, ਸਿਕੰਦਰ ਸਿੰਘ ਮੋਤੀ, ਜਸਬੀਰ ਸਿੰਘ ਨੂਰਪੁਰਾ, ਬਲਾਕ ਸੰਮਤੀ ਮੈਂਬਰ ਇੰਦਰਜੀਤ ਸਿੰਘ, ਸੁਖਵਿੰਦਰ ਸਿੰਘ ਸਲਾਣੀ, ਸੁਖਮਿੰਦਰ ਸਿੰਘ ਨਿਊਆਂ, ਬਲਜੀਤ ਸਿੰਘ ਅੰਨੀਆਂ, ਦਲਜੀਤ ਸਿੰਘ ਮੁਗਲਮਾਜਰਾ, ਦਵਿੰਦਰ ਸਿੰਘ ਭਾਂਬਰੀ, ਬੀਬੀ ਪ੍ਰੀਤਮ ਕੌਰ, ਅਜਾਇਬ ਸਿੰਘ ਨੰਬਰਦਾਰ ਚਤਰਪੁਰਾ, ਦੀਦਾਰ ਸਿੰਘ, ਪਾਲ ਸਿੰਘ ਸਰਪੰਚ ਲੁਹਾਰਮਾਜਾਰਾ, ਗੁਰਚਰਨ ਸਿੰਘ, ਗੁਰਤੇਜ ਸਿੰਘ ਬਰੌਂਗਾ, ਗੁਰਮੀਤ ਸਿੰਘ ਲੁਹਾਰਮਾਜਰਾ, ਬੀਬੀ ਸਾਨੋ ਦੇਵੀ ਸਰਪੰਚ ਕਪੂਰਗੜ੍ਹ ਅਤੇ ਅਵਤਾਰ ਸਿੰਘ ਰਤਨਪਾਲੋ, ਨੇ ਵਿਚਾਰ ਪੇਸ ਕੀਤੇ।

ਸ਼੍ਰੋਮਣੀ ਅਕਾਲੀ ਦਲ ਦੇ ਵਰਕਿੰਗ ਕਮੇਟੀ ਮੈਂਬਰ ਰਣਧੀਰ ਸਿੰਘ ਭਾਂਬਰੀ ਅਤੇ ਜ਼ਿਲ੍ਹਾ ਪ੍ਰੀਸ਼ਦ ਦੀ ਚੇਅਰਪਰਸਨ ਰਜਿੰਦਰ ਕੌਰ ਸਲਾਨਾ ਮਾਰਕੀਟ ਕਮੇਟੀ ਅਮਲੋਹ ਵਿਚ ਮੀਟਿੰਗ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ।

ਐੱਸ.ਜੀ.ਐੱਲ. ਚੈਰੀਟੇਬਲ ਹਸਪਤਾਲ ਮੁਸਤਫ਼ਾਬਾਦ ਵੱਲੋਂ ਕੀਤਾ ਕੂਹਨੀ ਦਾ ਸਫ਼ਲ ਆਪ੍ਰੇਸ਼ਨ

ਬਾਬਾ ਕਸ਼ਮੀਰਾ ਸਿੰਘ ਜੀ ਦੀ ਅਗਵਾਈ 'ਚ ਮਿਲ ਰਹੀਆਂ ਹਨ ਬਹੁਤ ਵਧੀਆ ਸਿਹਤ ਸਹੂਲਤਾਂ

ਜਲੰਧਰ, 16 ਜੁਲਾਈ (ਮਲਕੀਤ ਸਿੰਘ ਬਰਾੜ)—ਬਾਬਾ ਕਸ਼ਮੀਰਾ ਸਿੰਘ ਜੀ ਵੱਲੋਂ ਚਲਾਏ ਜਾ ਰਹੇ ਐੱਸ.ਜੀ.ਐੱਲ. ਚੈਰੀਟੇਬਲ ਹਸਪਤਾਲ ਮੁਸਤਫ਼ਾਬਾਦ (ਕਪੂਰਥਲਾ) ਵੱਲੋਂ ਇੱਕ ਹੋਰ ਮਾਹਰਕਾ ਮਾਰਦਿਆਂ ਮਰੀਜ਼ ਦੀ ਚਿਰ੍ਹਾਂ ਤੋਂ ਜਾਮ ਹੋਈ ਕੂਹਨੀ ਦਾ ਸਫ਼ਲ ਆਪ੍ਰੇਸ਼ਨ ਕਰਨ ਦਾ ਸਮਾਚਾਰ ਮਿਲਿਆ ਹੈ। ਇਸ ਦੀ ਜਾਣਕਾਰੀ ਦਿੰਦਿਆਂ ਇਸ ਹਸਪਤਾਲ ਦੇ ਹੱਡੀਆਂ ਦੇ ਮਾਹਿਰ ਡਾਕਟਰ ਦਿਲਬੰਸ ਪੰਧੇਰ ਐੱਮ. ਐੱਸ. ਨੇ ਦੱਸਿਆ ਕਿ ਇੱਕ 18 ਸਾਲਾ ਮੁਟਿਆਰ ਲੜਕੀ ਦੀ ਕੂਹਨੀ ਬਹੁਤ ਚਿਰ ਪਹਿਲਾਂ ਬਚਪਨ 'ਚ ਟੁਟ ਗਈ ਸੀ। ਇਲਾਜ਼ ਕਰਵਾਉਣ 'ਤੇ ਜੋੜ ਤਾਂ ਪੈ ਗਿਆ ਸੀ ਪਰ ਕੂਹਨੀ ਜਾਮ ਹੋ ਗਈ ਸੀ, ਬਾਂਹ ਪੂਰੀ ਤਰ੍ਹਾਂ ਸਿਧੀ ਨਹੀਂ ਹੋ ਪਾਉਂਦੀ ਸੀ। ਇਸ ਲਈ ਇਸ ਨੇ ਲੁਧਿਆਣੇ ਦੇ ਮਸ਼ਹੂਰ ਮੈਡੀਕਲ ਕਾਲਜ ਅਤੇ ਹੋਰ ਕਈ ਵੱਡੇ-ਵੱਡੇ ਹਸਪਤਾਲਾਂ ਵਿੱਚ ਵੀ ਮਾਹਿਰ ਡਾਕਟਰਾਂ ਨੂੰ ਵਿਖਾਇਆ। ਡਾਕਟਰਾਂ ਦੀ ਸਲਾਹ 'ਤੇ ਬਹੁਤ ਸਾਰੇ ਇਲਾਜ਼ ਅਤੇ ਫੀਜ਼ੋਥਰੇਪੀ ਵੀ ਕਰਵਾਈ, ਪਰ ਦੇਰ ਜ਼ਿਆਦਾ ਹੋਣ ਕਰਕੇ ਕੂਹਨੀ ਠੀਕ ਨਾ ਹੋਈ। ਅਖੀਰ ਇਹ ਲੜਕੀ ਇਸ ਚੈਰੀਟੇਬਲ ਹਸਪਤਾਲ ਵਿਚ ਆਈ ਤਾਂ ਕੂਹਨੀ ਦੀ ਢੁਕਵੀਂ ਜਾਂਚ ਕਰਨ ਤੋਂ ਬਾਅਦ ਇਸ ਦਾ 'ਆਰਥੋਸਕੋਪਿਕ ਤਕਨੀਕ' ਰਾਹੀਂ ਬਿਨ੍ਹਾ ਕਿਸੇ ਚੀਰ-ਫਾੜ ਦੇ ਸਫ਼ਲ ਆਪ੍ਰੇਸ਼ਨ ਕਰ ਦਿਤਾ ਗਿਆ। ਇਸ ਤਕਨੀਕ ਨਾਲ ਆਪ੍ਰੇਸ਼ਨ ਕਰਨ ਦੀ ਮੁਹਾਰਤ ਬਹੁਤ ਘੱਟ ਡਾਕਟਰਾਂ ਨੂੰ ਹੈ ਪਰ ਡਾ. ਪੰਧੇਰ ਨੇ ਇਸ ਦੀ ਸਪੈਸ਼ਲ ਟਰੈਨਿੰਗ ਡਾ. ਪਾਰਕ ਪਾਸੋਂ ਸਿਓਲ ਤੋਂ ਪ੍ਰਾਪਤ ਕੀਤੀ ਹੋਈ ਹੈ। ਡਾ. ਦਿਲਬੰਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਤਕਨੀਕ ਨਾਲ ਜਾਮ ਹੋਏ ਕੂਹਨੀ ਦੇ ਜੋੜ ਨੂੰ ਅੰਦਰੋਂ ਖੋਲ ਦਿਤਾ ਗਿਆ ਜਿਸ ਨਾਲ ਕੂਹਨੀ ਦੀ ਪੂਰੀ ਹਰਕਤ ਅਗਲੇ ਹੀ ਦਿਨ ਵਾਪਿਸ ਆ ਗਈ ਸੀ ਅਤੇ ਮਰੀਜ਼ ਨੂੰ ਹਸਪਤਾਲ ਵਿਚ ਇੱਕ ਦਿਨ ਹੀ ਰਹਿਣਾ ਪਿਆ, ਜਿਸ ਨਾਲ ਮਰੀਜ਼ ਦੇ ਸਮੇਂ ਅਤੇ ਪੈਸੇ ਦੀ ਬੱਚਤ ਹੋਈ ਹੈ। ਸਿਹਤਯਾਬ ਹੋਣ 'ਤੇ ਮਰੀਜ਼ ਨੂੰ ਛੁੱਟੀ ਮਿਲ ਗਈ ਹੈ। ਮਰੀਜ਼ ਹੁਣ ਆਪਣੀ ਕੂਹਨੀ ਪੂਰੀ ਤਰ੍ਹਾਂ ਆਪਣੀ ਮਰਜੀ ਨਾਲ ਮੋੜ ਸਕਦਾ ਹੈ। ਮਰੀਜ਼ ਕੀਤੇ ਗਏ ਇਲਾਜ਼ ਤੋਂ ਬਹੁਤ ਹੀ ਖ਼ੁਸ਼ ਅਤੇ ਸੰਤੁਸ਼ਟ ਹੈ। ਡਾ. ਦਿਲਬੰਸ ਨੇ ਦੱਸਿਆ ਕਿ ਬਾਬਾ ਕਸ਼ਮੀਰਾ ਸਿੰਘ ਜੀ ਦੀ ਅਗਵਾਈ ਹੇਠ ਚੱਲ ਰਹੇ ਇਸ ਚੈਰੀਟੇਬਲ ਹਸਪਤਾਲ ਵਿਚ ਸਿਹਤ ਸਹੂਲਤਾਂ ਬਹੁਤ ਹੀ ਵਧੀਆ ਅਤੇ ਸਸਤੀਆਂ ਹਨ। ਸੱਚ-ਮੁੱਚ ਹੀ ਇਹ ਅਦਾਰਾ ਮਾਨਵਤਾ ਦੇ ਭਲ ਨੂੰ ਸਮੱਰਪਿਤ ਹੈ।

ਆਪ੍ਰੇਸ਼ਨ ਤੋਂ ਪਹਿਲਾਂ ਅਤੇ ਬਾਅਦ 'ਚ ਮਰੀਜ਼ ਦੀ ਕੂਹਨੀ ਤੇ ਇਨਸੈੱਟ'ਚ ਡਾ. ਪੰਧੇਰ ।

ਸਹਾਰਾ ਜਨ ਸੇਵਾ ਕਲੱਬ ਵੱਲੋਂ ਹੜ੍ਹ ਮਾਰੇ ਇਲਾਕੇ ਦੇ ਪਸ਼ੂਆਂ ਲਈ ਹਰੇ ਚਾਰੇ ਦੀ ਮਦਦ

ਝੁਨੀਰ, 16 ਜੁਲਾਈ (ਪ.ਪ.)- ਸਰਦੂਲਗੜ੍ਹ ਕਸਬੇ ਵਿਚ ਹੜ੍ਹ ਪੀੜਤ ਪਿੰਡਾਂ ਵਿੱਚ ਭੁੱਖੇ ਪਸ਼ੂਆਂ ਲਈ ਸਹਾਰਾ ਜਨ ਸੇਵਾ ਕਲੱਬ ਝੁਨੀਰ ਵੱਲੋਂ ਹਰੇ ਚਾਰੇ ਦੀ ਸੇਵਾ ਕੀਤੀ ਗਈ। ਹੈੱਡਕੁਆਟਰ ਸਰਦੂਲਗੜ੍ਹ ਤੋਂ ਐਸ.ਡੀ.ਐਮ. ਤਲਵੰਡੀ ਸਾਬੋ ਨੇ ਉਨ੍ਹਾਂ ਦੀ ਹਰੇ ਚਾਰੇ ਦੀ ਟਰੈਕਟਰ ਟਰਾਲੀ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਸਹਾਰਾ ਜਨ ਸੇਵਾ ਕਲੱਬ ਦੇ ਸਮੂਹ ਮੈਂਬਰਾਂ ਵੱਲੋਂ 15 ਗਊਆਂ ਸਰਦੂਲਗੜ੍ਹ ਵਿਖੇ ਫੱਟੜ ਗਊਆਂ ਨੂੰ ਹਰਾ ਪਾਇਆ ਅਤੇ ਪਾਣੀ ਨਾਲ ਡੁੱਬੇ ਪਿੰਡ ਫੂਸ ਮੰਡੀ 'ਚ ਵੀ ਲੱਗਭੱਗ 20-25 ਭੁੱਖ ਪਸ਼ੂਆਂ ਨੂੰ ਹਰਾ ਚਾਰਾ ਕੁਤਰ ਕੇ ਪਾ ਕੇ ਸੇਵਾ ਕੀਤੀ ਗਈ। ਇਸ ਸਮੇਂ ਪਿੰਡ ਫੂਸ ਮੰਡੀ ਦੇ ਹੜ੍ਹ ਪੀੜਤ ਲੋਕਾਂ ਵੱਲੋਂ ਮੰਗ ਕੀਤੀ ਗਈ ਕਿ ਭੁੱਖੇ ਪਸ਼ੂਆਂ ਦੇ ਨਾਲ-ਨਾਲ ਭੁੱਖੇ ਬੱਚਿਆਂ, ਔਰਤਾਂ, ਬਜ਼ੁਰਗਾਂ ਲਈ ਚਾਹ ਰੋਟੀ ਦਾ ਵੀ ਪ੍ਰਬੰਧ ਕੀਤਾ ਜਾਵੇ ਅਤੇ ਸਹਾਰਾ ਕਲੱਬ ਵੱਲੋਂ ਹੜ੍ਹ ਪੀੜਤਾਂ ਦੀ ਹੋਰ ਹਰ ਤਰ੍ਹਾਂ ਦੀ ਮੱਦਦ ਲਈ ਅੱਗੇ ਆਉਣ ਲਈ ਕਿਹਾ। ਸਹਾਰਾ ਕਲੱਬ ਦੇ ਚੇਅਰਮੈਨ ਇੰਦਰਜੀਤ ਢਿੱਲੋਂ ਨੇ ਕਿਹਾ ਕਿ ਅਸੀਂ ਹੜ੍ਹ ਪੀੜਤਾਂ ਲਈ ਵੱਧ ਤੋਂ ਵੱਧ ਸੇਵਾ ਕਰਕੇ ਹੜ੍ਹ ਪੀੜਤਾਂ ਦੀ ਹਰ ਸੰਭਵ ਮੱਦਦ ਕਰੇਗਾ। ਇਸ ਸਮੇਂ ਉਨ੍ਹਾਂ ਨਾਲ ਕੁਲਵਿੰਦਰ ਰੋਸਾ, ਜਸਵੰਤ ਰੋਸਾ, ਭਿੰਦਰ ਸਿੰਘ, ਜਗਸੀਰ ਸਿੰਘ, ਗੁਰਮੀਤ ਕਾਲਾ, ਸੁਖਵਿੰਦਰ ਸੁੱਖੀ ਆਦਿ ਵੀ ਹਾਜ਼ਰ ਸਨ।

ਝੁਨੀਰ ਸਹਾਰਾ ਜਨ ਸੇਵਾ ਕਲੱਬ ਵੱਲੋਂ ਹਰੇ ਚਾਰੇ ਦੀਆਂ ਟਰੈਕਟਰ, ਟਰਾਲੀਆਂ ਲਿਜਾਂਦੇ ਹੋਏ।

ਜ਼ਿਲ੍ਹਾ ਪ੍ਰੀਸ਼ਦ ਅਧੀਨ ਕੰਮ ਕਰਦੀਆਂ ਅਧਿਆਪਕਾਂ ਦੀਆਂ ਦੋ ਯੂਨੀਅਨ ਦਾ ਏਕਾ

ਜ਼ੀਰਾ, 16 ਜੁਲਾਈ (ਸੁਖਪਾਲ ਸਿੰਘ ਗਿੱਲ)- ਜ਼ਿਲ੍ਹਾ ਪ੍ਰੀਸ਼ਦ ਅਧੀਨ ਕੰਮ ਕਰਦੇ ਈ.ਟੀ.ਟੀ. ਅਧਿਆਪਕਾਂ ਦੀਆਂ ਦੋ ਯੂਨੀਅਨ ਆਲ ਪੰਜਾਬ ਐਲੀਮੈਂਟਰੀ ਟੀਚਰਜ਼ ਯੂਨੀਅਨ ਦੇ ਸੂਬਾ ਪ੍ਰਧਾਨ ਗੁਰਮੁੱਖ ਸਿੰਘ ਬਾਬਾ ਅਤੇ ਐਲੀਮੈਂਟਰੀ ਟੀਚਰਜ਼ ਯੂਨੀਅਨ (ਜੈੱਡ ਪੀ, ਐਨ ਸੀ) ਦੇ ਸੂਬਾ ਪ੍ਰਧਾਨ ਰਮੇਸ਼ ਹੁਸ਼ਿਆਰਪੁਰੀ ਨੇ ਪਿਛਲੇ ਦਿਨੀਂ ਹੋਈ ਜਲੰਧਰ ਮੀਟਿੰਗ ਵਿਚ ਏਕੇ ਦਾ ਐਲਾਨ ਕਰਦੇ ਹੋਏ ਐਲੀਮੈਂਟਰੀ ਟੀਚਰਜ਼ ਯੂਨੀਅਨ (ਜੈੱਡ ਪੀ, ਐਨ ਸੀ) ਦੇ ਗਠਨ ਦਾ ਐਲਾਨ ਕੀਤਾ। ਜਿਸ ਵਿਚ ਸਰਵਸੰਮਤੀ ਨਾਲ ਜਸਵਿੰਦਰ ਸਿੰਘ ਭੁੱਲਰਹੇੜੀ ਨੂੰ ਸਰਪ੍ਰਸਤ, ਗੁਰਮੁੱਖ ਸਿੰਘ ਬਾਬਾ ਪ੍ਰਧਾਨ, ਅਜੀਬ ਦਵੇਦੀ ਜਨਰਲ ਸਕੱਤਰ, ਦੀਪਕ ਅਨੰਦ ਜਥੇਬੰਦਕ ਸਕੱਤਰ, ਬਿਕਰਮਜੀਤ ਸਿੰਘ ਰਾਹੋਂ, ਅਰਵਿੰਦਰ ਸਿੰਘ ਭੰਗੂ ਮੀਤ ਪ੍ਰਧਾਨ, ਰਸ਼ਪਾਲ ਸਿੰਘ ਗਿੱਲ ਵਿੱਤ ਸਕੱਤਰ ਆਦਿ ਆਗੂਆਂ ਦੀ ਚੋਣ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਯੂਨੀਅਨ ਦੇ ਆਗੂਆਂ ਸੁਖਵਿੰਦਰ ਸਿੰਘ ਸੁੱਖੀ, ਚਰਨਜੀਤ ਮਹਿਤਾ, ਅਤਰ ਸਿੰਘ ਗਿੱਲ ਨੇ ਦੱਸਿਆ ਕਿ ਐਲੀਮੈਂਟਰੀ ਟੀਚਰਜ਼ ਯੂਨੀਅਨ (ਜੈੱਡ ਪੀ, ਐਨ ਸੀ) ਜ਼ਿਲ੍ਹਾ ਪ੍ਰੀਸ਼ਦ ਦੇ ਸਕੂਲਾਂ ਦੀ ਸਿੱਖਿਆ ਵਿਭਾਗ ਵਿਚ ਵਾਪਸੀ ਅਤੇ 73ਵੀਂ, 74ਵੀਂ ਸੋਧ ਨੂੰ ਰੱਦ ਕਰਵਾਉਣ, ਈ.ਟੀ.ਟੀ. ਅਧਿਆਪਕਾਂ ਨੂੰ 10,300-34,000 ਦੇ ਪੈਅ ਬੈਂਡ ਨੂੰ ਲਾਗੂ ਕਰਵਾਉਣ ਅਤੇ ਅਧਿਆਪਕ ਮੰਗਾਂ ਦੀ ਪ੍ਰਾਪਤੀ ਤੱਕ ਸੰਘਰਸ਼ ਜਾਰੀ ਰੱਖੇਗੀ। ਇਸ ਸੰਘਰਸ਼ ਦੀ ਰੂਪ ਰੇਖਾ ਬਣਾਉਣ ਅਤੇ ਐਲਾਨ ਕਰਨ ਲਈ ਯੂਨੀਅਨ ਦਾ ਸੂਬਾ ਪੱਧਰੀ ਅਜਲਾਸ 18 ਜੁਲਾਈ ਨੂੰ ਜਲੰਧਰ ਵਿਖੇ ਬੁਲਾਇਆ ਗਿਆ ਹੈ ਅਤੇ ਜ਼ਿਲ੍ਹਾ ਪ੍ਰੀਸ਼ਦ ਅਧੀਨ ਕੰਮ ਕਰਦੀਆਂ ਬਾਕੀ ਜੱਥੇਬੰਦੀਆਂ ਨੂੰ ਵੀ ਇੱਕ ਪਲੇਟਫਾਰਮ ਤੇ ਆਉਣ ਦੀ ਅਪੀਲ ਕੀਤੀ।

ਸੂਬਾ ਪੱਧਰੀ ਡੈਲੀਗੇਟ ਅਜਨਾਸ 18 ਨੂੰ ਜਲੰਧਰ 'ਚ

ਪਿੰਡ ਚੂਹੜ ਵਿਖੇ ਬਲਾਕ ਪੱਧਰੀ ਏਡਜ਼ ਜਾਗਰੂਕਤਾ ਵਰਕਸ਼ਾਪ ਲਗਾਈ

ਮੁੱਖ ਮਹਿਮਾਨ ਡਾ: ਰਤਨ ਲਾਲ ਬੱਸਣ ਐਸ.ਐਮ.ਓ. ਨੂੰ ਸਨਮਾਨਿਤ ਕਰਦੇ ਸ੍ਰੀ ਰਵਿੰਦਰ ਕੰਗ ਤੇ ਹੋਰ।

ਜਲੰਧਰ, 16 ਜੁਲਾਈ (ਪ.ਪ.)- ਇੱਥੋਂ ਨਜ਼ਦੀਕੀ ਪਿੰਡ ਚੂਹੜ ਵਿਖੇ ਨਹਿਰੂ ਯੁਵਾ ਕੇਂਦਰ ਜਲੰਧਰ (ਖੇਡ ਮੰਤਰਾਲਾ ਤੇ ਯੁਵਾ ਮਾਮਲੇ ਭਾਰਤ ਸਰਕਾਰ) ਵੱਲੋਂ ਜਾਗ੍ਰਿਤੀ ਕਲੱਬ (ਰਜਿ.) ਦੇ ਸਹਿਯੋਗ ਨਾਲ ਤੇ ਸ੍ਰੀ ਰਵਿੰਦਰ ਸਿੰਘ ਕੰਗ ਮੁੱਖ ਅਧਿਆਪਕ ਦੇ ਯਤਨਾਂ ਨਾਲ ਇਕ ਦਿਨਾ ਏਡਜ਼, ਐਚ.ਆਈ.ਵੀ. ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਪੰਜਾਬ ਸਟੇਟ ਏਡਜ਼ ਕੰਟਰੋਲ ਸੁਸਾਇਟੀ ਚੰਡੀਗੜ੍ਹ ਤੇ ਨਹਿਰੂ ਯੁਵਾ ਕੇਂਦਰ ਦੇ ਸਾਂਝੇ ਯਤਨਾਂ ਕਰਵਾਈ ਇਸ ਵਰਕਸ਼ਾਪ ਦੇ ਮੁੱਖ ਮਹਿਮਾਨ ਵਜੋਂ ਪਹੁੰਚੇ ਡਾਕਟਰ ਰਤਨ ਲਾਲ ਐਸ.ਐਮ.ਓ. ਸਿਵਲ ਹਸਪਤਾਲ ਨਕੋਦਰ ਨੇ ਨੌਜਵਾਨ ਵਰਗ ਏਡਜ਼ ਤੇ ਨਸ਼ਿਆਂ ਤੋਂ ਬਚਣ ਵਾਸਤੇ ਵਿਸਥਾਰਪੂਰਕ ਜਾਣਕਾਰੀ ਦਿੱਤੀ। ਸਮਾਗਮ ਦੀ ਪ੍ਰਧਾਨਗੀ ਕਰਦਿਆਂ ਨਹਿਰੂ ਯੁਵਾ ਕੇਂਦਰ ਜਲੰਧਰ ਦੇ ਜ਼ਿਲ੍ਹਾ ਕੋਆਰਡੀਨੇਟਰ ਸੈਮਸਨ ਮਸੀਹ ਨੇ ਕਿਹਾ ਕਿ ਭਾਰਤ ਵੱਲੋਂ ਏਡਜ਼ ਦੇ ਖਾਤਮੇ ਵਾਸਤੇ ਪਿੰਡਾਂ ਵਿਚ ਇਹ ਵਰਕਸ਼ਾਪਾਂ ਲਗਾਈਆਂ ਜਾ ਰਹੀਆਂ ਹਨ ਤਾਂ ਜੋ ਨੌਜਵਾਨ ਵਰਗ ਨੂੰ ਇਸ ਖ਼ਤਰਨਾਕ ਤੇ ਜਾਨਲੇਵਾ ਬਿਮਾਰੀ ਤੋਂ ਬਚਾਇਆ ਜਾ ਸਕੇ। ਸਮਾਗਮ ਨੂੰ ਸੰਬੋਧਨ ਕਰਦਦਿਆਂ ਸ੍ਰੀ ਰਵਿੰਦਰ ਕੰਗ ਜ਼ਿਲ੍ਹਾ ਯੂਥ ਐਵਾਰਡੀ ਭਾਰਤ ਸਰਕਾਰ ਨੇ ਨੌਜਵਾਨਾਂ ਨੂੰ ਯੂਥ ਕਲੱਬਾਂ ਬਣਾ ਕੇ ਸਮਾਜ ਸੇਵਾ ਵਿਚ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ। ਇਸ ਸਮਾਗਮ ਨੂੰ ਸ੍ਰੀ ਇਸ਼ਵੀਰ ਸਿੰਘ (ਜਾਗ੍ਰਿਤੀ ਕਲੱਬ), ਸ੍ਰੀ ਸੁੱਖਾ ਸਭਰਵਾਲ (ਸ਼ਹੀਦ ਚੰਦਰ ਸ਼ੇਖਰ ਆਜ਼ਾਦ ਯੂਥ ਕਲੱਬ, ਓਮ ਪ੍ਰਕਾਸ਼ ਲਾਬੜਾ (ਜਨਰਲ ਸਕੱਤਰ ਪੇਂਡੂ ਸਿੱਖਿਆ ਤੇ ਨੌਜਵਾਨ ਵਿਕਾਸ ਸੰਗਠਨ, ਸ੍ਰੀ ਮਨਜੀਤ ਸਿੰਘ ਹੈੱਡ ਟੀਚਰ , ਸ੍ਰੀ ਸੰਤੋਖ ਸਿੰਘ ਸਹਾਇਕ ਜ਼ਿਲ੍ਹਾ ਕੋਆਰਡੀਨੇਟਰ (ਪੜ੍ਹੋ ਪੰਜਾਬ) ਸ੍ਰੀ ਜਸਪਾਲ ਆਦਿ ਨੇ ਸੰਬੋਧਨ ਕੀਤਾ। ਇਸ ਵਰਕਸ਼ਾਪ ਵਿਚ ਬਲਾਕ ਨਕੋਦਰ ਦੀਆਂ ਵੱਖ-ਵੱਖ ਯੂਥ ਕਲੱਬਾਂ ਦੇ 70 ਦੇ ਕਰੀਬ ਮੈਂਬਰਾਂ ਤੇ ਪ੍ਰਤੀਨਿਧੀਆਂ ਨੇ ਹਿੱਸਾ ਲੈ ਕੇ ਏਡਜ਼ ਤੋਂ ਬਚਣ ਦਾ ਪ੍ਰਣ ਕੀਤਾ। ਇਸ ਸਮਾਗਮ ਦੀ ਸਫ਼ਲਤਾ ਵਾਸਤੇ ਸ੍ਰੀ ਮੁਜੇਸ਼ ਕੁਮਾਰ, ਸ੍ਰੀ ਚੰਦਰ ਮੋਹਨ, ਸ੍ਰੀ ਤਰਸੇਮ ਲਾਲ, ਸ਼ਸ਼ੀ ਭੂਸ਼ਣ ਸ਼ਰਮਾ, ਸ੍ਰੀ ਵਿਜੈ ਕੁਮਾਰ, ਸ੍ਰੀ ਪ੍ਰਦੀਪ ਕੁਮਾਰ, ਸ੍ਰੀਮਤੀ ਰਵਿੰਦਰਾ ਰਾਣੀ, ਸ੍ਰੀ ਨਰੇਸ਼ ਕੁਮਾਰ, ਸ੍ਰੀ ਬਲਵਿੰਦਰ ਸਿੰਘ (ਸੀ.ਐਮ.ਟੀ.) ਸ੍ਰੀ ਪੰਕਜ ਕੁਮਾਰ (ਬੀ.ਐਮ.ਟੀ. ਨਕੋਦਰ) ਸ੍ਰੀਮਤੀ ਰਸ਼ਪਾਲ ਕੌਰ, ਸ੍ਰੀਮਤੀ ਜੋਤੀ ਬਾਲਾ, ਸ੍ਰੀਮਤੀ ਸੰਦੀਪ ਕੌਰ ਆਦਿ ਨੇ ਪੂਰਨ ਸਹਿਯੋਗ ਦਿੱਤਾ।

ਨਗਰ ਕੌਂਸਲ ਦੀ ਲਾਪਰਵਾਹੀ ਦਾ ਕਦੇ ਵੀ ਨਤੀਜਾ ਭੁਗਤ ਸਕਦੇ ਹਨ ਬੁਢਲਾਡਾ ਵਾਸੀ

ਬੁਢਲਾਡਾ 16 ਜੁਲਾਈ (ਗੁਰਮੀਤ ਮੀਤੀ)- ਅੰਤ ਦੀ ਗਰਮੀ ਉੱਪਰੋਂ ਨਗਰ ਕੌਂਸਲ ਬੁਢਲਾਡਾ ਦੀ ਲਾਪਰਵਾਹੀ ਕਾਰਨ ਸ਼ਹਿਰ ਨਿਵਾਸੀਆਂ ਨੂੰ ਵਾਟਰ ਵਰਕਸ ਦਾ ਗੰਧਲਾ ਅਤੇ ਬਦਬੂਦਾਰ ਪਾਣੀ ਪੀਣ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ ਅਤੇ ਸ਼ਹਿਰ ਇਸ ਗੰਧਲੇ ਪਾਣੀ ਨੂੰ ਪੀਣ ਕਾਰਨ ਕਿਸੇ ਵੀ ਸਮੇਂ ਕਿਸੇ ਭਿਆਨਕ ਬਿਮਾਰੀ ਦੀ ਲਪੇਟ ਵਿੱਚ ਆ ਸਕਦਾ ਹੈ। ਇਸ ਸਬੰਧੀ ਪੰਜ ਵਾਰਡਾਂ ਦੇ ਵਸਨੀਕਾਂ ਨੇ ਪੱਤਰਕਾਰਾਂ ਨੂੰ ਵਾਟਰ ਵਰਕਸ ਦਾ ਗੰਧਲਾ ਪਾਣੀ ਅਤੇ ਬਦਬੂਦਾਰ ਪਾਣੀ ਦਿਖਾਉਂਦੇ ਹੋਏ ਦੱਸਿਆ ਕਿ ਇਹ ਗੰਦਾ ਪਾਣੀ ਕਰੀਬ ਪਿਛਲੇ ਕਈ ਮਹੀਨੇ ਤੋਂ ਆ ਰਿਹਾ ਹੈ। ਇਹ ਪਾਣੀ ਇੰਨਾ ਗੰਦਾ ਹੈ ਕਿ ਪੀਣਾ ਤਾਂ ਦੂਰ ਇਸ ਨਾਲ ਨਹਾਉਣਾ ਵੀ ਮੁਸ਼ਕਿਲ ਹੈ। ਪਰ ਧਰਤੀ ਹੇਠਲਾ ਪਾਣੀ ਨਾ ਪੀਣ ਯੋਗ ਹੋਣ ਕਾਰਨ ਵੀ ਲੋਕਾਂ ਨੂੰ ਮਜ਼ਬੂਰਨ ਇਹ ਪਾਣੀ ਪੀਣਾ ਪੈ ਰਿਹਾ ਹੈ। ਨਗਰ ਕੌਂਸਲ ਦੇ ਕੌਂਸਲਰ ਵੀ ਗੁੱਟਾਂ ਵਿੱਚ ਵੰਡੇ ਹੋਣ ਕਾਰਨ ਜਿੱਥੇਸ਼ਹਿਰ ਦੀ ਸਫਾਈ ਵੱਲ ਧਿਆਨ ਨਹੀਂ ਦੇ ਰਹੇ ਉੱਥੇ ਪੂਰੇ ਸ਼ਹਿਰ ਵਿੱਚ ਪੀਣ ਵਾਲੇ ਪਾਣੀ ਦੀ ਹੋ ਰਹੀ ਘਟੀਆਂ ਸਪਲਾਈ ਵੱਲ ਵੀ ਪਿੱਠ ਕਰੀ ਬੈਠੇ ਹਨ ਅਤੇ ਆਪਣੀ ਬਣਦੀ ਜਿੰਮੇਵਾਰੀ ਤੋਂ ਭੱਜ ਰਹੇ ਹਨ। ਲੋਕਾਂ ਦੱਸਿਆ ਕਿ ਇਸ ਸਬੰਧੀ ਕਈ ਵਾਰ ਨਗਰ ਕੌਂਸਲ ਦੇ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਂਦਾ ਹੈ। ਪਰੰਤੂ ਉਨ੍ਹਾਂ ਵੱਲੋਂ ਵੀ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ ਹੈ ਅਤੇ ਕੁੰਭਕਰਨੀ ਨੀਂਦ ਸੁੱਤੇ ਪਏ ਹਨ। ਉਨ੍ਹਾਂ ਕਿਹਾ ਕਿ ਜੇਕਰ ਇਸ ਪਾਸੇ ਕੋਈ ਧਿਆਨ ਨਾ ਦਿੱਤਾ ਤਾਂ ਇੱਥੇ ਕੋਈ ਭਿਆਨਕ ਬਿਮਾਰੀ ਫੈਲ ਸਕਦੀ ਹੈ। ਮੰਡੀ ਵਾਸੀਆ ਨੇ ਕਿਹਾ ਕਿ ਹੈ ਕਿ ਜੇਕਰ ਸ਼ਹਿਰ ਵਿੱਚ ਪੀਣ ਵਾਲੇ ਪਾਣੀ ਕਰਕੇ ਕੋਈ ਬਿਮਾਰੀ ਫੈਲਦੀ ਹੈ ਤਾਂ ਇਸ ਦੇ ਸਬੰਧਤ ਅਧਿਕਾਰੀ ਜਿੰਮੇਵਾਰ ਹੋਣਗੇ। ਉਨ੍ਹਾਂ ਡੀ.ਸੀ. ਮਾਨਸਾ ਤੋਂ ਮੰਗ ਕੀਤੀ ਕਿ ਇਸ ਦੀ ਜਾਂਚ ਕੀਤੀ ਜਾਵੇ ਅਤੇ ਵਾਟਰ ਵਰਕਸ ਦੇ ਪਾਣੀ ਦਾ ਸੈਂਪਲ ਭਰ ਕਾ ਜਾਂਚ ਕੀਤੀ ਜਾਵੇ ਤਾਂ ਜੋ ਲੋਕਾਂ ਨੂੰ ਸਾਫ ਸੁਥਰਾ ਪਾਣੀ ਪੀਣ ਲਈ ਮਿਲ ਸਕੇ।

ਗੰਦੇ ਪਾਣੀ ਨਾਲ ਭਿਆਨਕ ਬਿਮਾਰੀ ਫੈਲਣ ਦਾ ਖਦਸ਼ਾ

ਯਾਦਗਾਰੀ ਹੋ ਨਿਬੜਿਆ ਖਾਂਬਰਾ ਦਾ ਬਾਬਾ ਨੰਨਾ ਪੀਰ ਯਾਦਗਾਰੀ ਜੋੜ ਮੇਲਾ

ਕੁਲਵਿੰਦਰ ਕਿੰਦਾ, ਗੁਰਮੀਤ ਮਾਨ, ਮਿਸ ਪਾਇਲ ਨੇ ਮੇਲਾ ਲੁੱਟਿਆ

ਜਲੰਧਰ, 16 ਜੁਲਾਈ (ਹਰਪ੍ਰੀਤ ਸਿੰਘ ਲੇਹਿਲ)-ਨਕੋਦਰ ਰੋਡ 'ਤੇ ਸਥਿਤ ਪਿੰਡ ਖਾਂਬਰਾ ਵਿਖੇ ਦਰਬਾਰ ਬਾਬਾ ਨੰਨ੍ਹਾ ਪੀਰ ਦੇ ਸਥਾਨ 'ਤੇ ਸਾਲਾਨਾ ਜੋੜ ਮੇਲਾ 13 ਅਤੇ 14 ਜੁਲਾਈ ਦਿਨ ਮੰਗਲਵਾਰ ਅਤੇ ਬੁੱਧਵਾਰ ਨੂੰ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਇਸ ਅਸਥਾਨ ਦੇ ਮੁੱਖ ਸੇਵਾਦਾਰ ਗੁਰਦੇਵ ਸਿੰਘ ਪੱਪੂ ਹੁਰਾਂ ਨੇ ਦੱਸਿਆ ਕਿ ਇਸ ਦੋ ਦਿਨਾਂ ਜੋੜ ਮੇਲੇ ਵਿੱਚ ਉੱਘੇ ਸਮਾਜ ਸੇਵੀ ਸ੍ਰੀ ਅਮਰਜੀਤ ਖਾਂਬਰਾ, ਸੋਨੀ ਖਾਂਬਰਾ, ਟੀ.ਆਰ. ਸੰਧੂ, ਸੱਤਪਾਲ ਸਿੰਘ ਤੂਰ, ਐੱਨ.ਕੇ. ਹਾਂਡਾ, ਸ਼ਸ਼ੀ ਕਾਂਤ, ਅਸ਼ਵਨੀ ਕੁਮਾਰ ਟੱਪੀ, ਅਸ਼ੋਕ ਪ੍ਰਿੰਸ ਰਬੜ ਅਤੇ ਚਰਨਜੀਤ ਪੱਪਾ ਗਰੀਸ ਵਾਲਿਆਂ ਨੇ ਦੋਵੇਂ ਦਿਨ ਹਾਜ਼ਰੀ ਭਰੀ। ਉਨ੍ਹਾਂ ਦੱਸਿਆ ਕਿ ਇਸ ਜੋੜ ਮੇਲੇ ਦੇ ਪ੍ਰਬੰਧ ਲਈ ਇਨ੍ਹਾਂ ਸਖ਼ਸ਼ੀਅਤਾਂ ਦਾ ਪ੍ਰਮੁੱਖ ਯੋਗਦਾਨ ਸੀ। ਮੇਲਾ ਸ਼ੁਰੂ ਕਰਨ ਦੀ ਸ਼ਮ੍ਹਾਂ ਰੌਸ਼ਨ ਸ੍ਰੀ ਪਵਨ ਕੁਮਾਰ ਟੀਨੂੰ ਸੀਨੀਅਰ ਅਕਾਲੀ ਆਗੂ ਅਤੇ ਚੇਅਰਮੈਨ ਐੱਸ.ਸੀ. ਵਿੱਤ ਕਾਰਪੋਰੇਸ਼ਨ ਨੇ ਕੀਤੀ। ਸੇਵਾਦਾਰ ਗੁਰਦੇਵ ਸਿੰਘ ਅਨੁਸਾਰ ਮੰਗਲਵਾਰ 13 ਜੁਲਾਈ ਨੂੰ ਸ਼ਾਮ 5 ਵਜੇ ਝੰਡੇ ਦੀ ਰਸਮ, ਚਿਰਾਗ ਅਤੇ ਚਾਦਰ ਚੜ੍ਹਾਉਣ ਦੀ ਰਸਮ ਹੋਈ। ਇਸੇ ਰਾਤ ਨੂੰ ਮਾਸਟਰ ਸੋਮ ਨਾਥ, ਤਰਸੇਮ ਲਾਲ ਸ਼ਾਹਕੋਟ ਵਾਲੇ, ਕਸ਼ਮੀਰ ਇਕਬਾਲ ਮਜਾਰੀ ਵਾਲੇ, ਮਾਸਟਰ ਗਿਰਧਾਰੀ ਲਾਲ ਜਲੰਧਰ ਵਾਲੇ ਆਦਿ ਕਵਾਲਾਂ ਨੇ ਆਪਣਾ ਪ੍ਰੋਗਰਾਮ ਪੇਸ਼ ਕਰਕੇ ਦਰਸ਼ਕਾਂ ਨੂੰ ਧਾਰਮਿਕ ਮਸਤੀ ਵਾਲੇ ਰੰਗ ਵਿੱਚ ਰੰਗਿਆ। ਬੁੱਧਵਾਰ 14 ਜੁਲਾਈ ਨੂੰ ਸੱਭਿਆਚਾਰਕ ਪ੍ਰੋਗਰਾਮ ਹੋਇਆ, ਜਿਸ ਵਿੱਚ ਸ਼ਿੰਗਾਰ ਨਿਮਾਣਾ, ਭੋਲਾ ਕਮਲ, ਕੁਲਵਿੰਦਰ ਕਿੰਦਾ, ਮੋਹਰ ਮਾਹੀ ਜੰਡਿਆਲੇ ਵਾਲਾ, ਸ਼ੌਕੀ ਗਿੱਲ, ਬੀਬੀ ਸ਼ਹਿਨਾਜ਼ ਕਿਰਨ, ਅਵਤਾਰ ਸਫਰੀ ਤੋਂ ਇਲਾਵਾ ਗੁਰਮੀਤ ਮਾਨ, ਮਿਸ ਪਾਇਲ ਆਦਿ ਨੇ ਆਪਣਾ ਪੰਜਾਬੀ ਪ੍ਰੋਗਰਾਮ ਪੇਸ਼ ਕਰਕੇ ਮੇਲਾ ਲੁੱਟਿਆ। ਦੋਵੇਂ ਦਿਨ ਲਗਾਤਾਰ ਅਤੁੱਟ ਲੰਗਰ ਚੱਲਿਆ ਅਤੇ ਠੰਢੇ ਮਿੱਠੇ ਜਲ ਦੀਆਂ ਛਬੀਲਾਂ ਵੀ ਲੱਗੀਆਂ। ਸਮਾਜ ਸੇਵੀ ਅਮਰਜੀਤ ਖਾਂਬਰਾ ਅਤੇ ਸੋਨੀ ਖਾਂਬਰਾ ਨੇ ਇਸ ਵਿਸ਼ਾਲ ਜੋੜ ਮੇਲੇ ਵਿੱਚ ਦੋਵੇਂ ਦਿਨ ਆਈਆਂ ਪਤਵੰਤੀਆਂ ਸਖ਼ਸ਼ੀਅਤਾਂ ਅਤੇ ਕਲਾਕਾਰਾਂ ਨੂੰ ਸਨਮਾਨਿਤ ਕੀਤਾ ਅਤੇ ਸੰਗਤਾਂ ਨੂੰ ਇਸ ਜੋੜ ਮੇਲੇ ਦੀ ਲੱਖ ਲੱਖ ਵਧਾਈ ਅਤੇ ਸ਼ੁੱਭ ਕਾਮਨਾਵਾਂ ਦਿੱਤੀਆਂ।